# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੨: ਸ੍ਰਿਸ਼ਟੀ (ਕਾਇਨਾਤ)

'ਸ੍ਰਿਸ਼ਟੀ', 'ਕਾਇਨਾਤ' ਉਤਕਲ ਵਿੱਚ 'ਕਾਲਿੰਗਾ ਸਾਗਰ' ਦੇ ਸਮੁੰਦਰੀ ਤਟ ਉੱਤੇ ਗਰਮਜੋਸ਼ੀ ਨਾਲ ਲਵਰੇਜ਼ ਪ੍ਰਕ੍ਰਿਤੀਵਾਦੀ ਦਾ ਅਲੌਕਿਕ ਅਹਿਸਾਸ। ਸਿਰਜਣਹਾਰ ਦੀ ਸਿਰਜਣਾ ਦੀ ਉਪਮਾ ਵਿੱਚ ਗੁਰੂ ਨਾਨਕ ਨੇ ਕਾਇਨਾਤੀ ਤਰਾਨਾ ਸੁਰਬੱਧ ਕੀਤਾ।

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥
(ਸਿਰੀ ਰਾਗ, ਗੁਰੂ ਨਾਨਕ)

ਜਿਨ੍ਹਾਂ ਸ਼ਬਦਾਂ ਨੂੰ ਬੋਲਣ ਨਾਲ ਇੱਜ਼ਤ ਮਿਲਦੀ ਹੈ, ਉਹੀ ਪ੍ਰਵਾਨ ਹੁੰਦੇ ਹਨ।
ਫਿੱਕਾ ਬੋਲਣ ਨਾਲ ਵਿਗੋਚਾ ਹੁੰਦਾ ਹੈ। ਸੁਣ, ਹੇ ਮੂਰਖ ਅਣਜਾਣ ਮਨ!
(ਸਿਰੀ ਰਾਗ, ਗੁਰੂ ਨਾਨਕ)

ਸ਼ਬਦਾਂ ਦੀ ਅਥਾਹ ਸ਼ਕਤੀ ਮਨੁੱਖ ਅੰਦਰ ਅਜਿਹੀ ਕੀਮੀਆਸਾਜ਼ੀ ਕਰਦੀ ਹੈ ਜੋ ਢਾਹੂ ਮਨੁੱਖ ਨੂੰ ਉਸਾਰੂ ਜੀਅ ਵਿੱਚ ਤਬਦੀਲ ਕਰ ਦਿੰਦੀ ਹੈ। ਸ਼ਬਦਾਂ ਦੀ ਮਰਹਮ ਨਾਲ ਦਿਲਾਸਾ ਦੇਣ ਤੋਂ ਵੱਡੀ ਕੋਈ ਸ਼ੈਅ ਨਹੀਂ ਹੈ। ਦੂਜਾ ਪਾਸਾ ਇਹ ਵੀ ਹੈ ਕਿ ਹੌਸਲਾ ਤੋੜਨ ਵਾਲੇ ਬੋਲ ਤੋਂ ਜ਼ਿਆਦਾ ਢਾਹੂ ਵੀ ਕੁਝ ਨਹੀਂ ਹੁੰਦਾ। ਗੁਰੂ ਨਾਨਕ ਨੇ ਆਖਿਆ ਕਿ ਜੇ ਕੋਈ ਸ਼ਬਦਾਂ ਦੇ ਇਸ ਨੇਮ ਨੂੰ ਨਜ਼ਰਅੰਦਾਜ਼ ਕਰੇ ਤਾਂ ਉਹ ਆਪਣੇ-ਆਪ ਅਤੇ ਦੂਜਿਆਂ ਲਈ ਦੁੱਖ ਹੀ ਸਹੇੜਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੋਲਕੱਤਾ ਤੋਂ ਕਟਕ ਅਤੇ ਪੁਰੀ ਦਾ ਸਫ਼ਰ ਕੀਤਾ। ਉਹ ਪੁਰਾਣੀ ਜਗਨਨਾਥ ਸੜਕ ਉੱਤੇ ਸਫ਼ਰ ਕਰਦੇ ਹੋਏ ਪਹਿਲਾਂ ਉਡੀਸਾ ਸੂਬੇ ਦੀ ਪੁਰਾਣੀ ਰਾਜਧਾਨੀ ਕਟਕ ਪਹੁੰਚੇ।

ਕਟਕ ਦੀ ਯਾਤਰਾ ਦੌਰਾਨ ਸਾਨੂੰ ਕਈ ਉਡੀਸਾ ਵਾਸੀਆਂ ਨਾਲ ਮਿਲਣ ਦਾ ਮੌਕਾ ਮਿਲਿਆ ਜਿਨ੍ਹਾਂ ਦੀ ਜ਼ਿੰਦਗੀ ਉੱਤੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਦਾ ਚੋਖਾ ਅਸਰ ਹੈ।

ਸਾਡੀ ਪਹਿਲੀ ਮੁਲਾਕਾਤ ਸੰਜੀਵ ਚੰਦਰ ਹੋਤਾ ਨਾਲ ਹੋਈ ਜੋ ਇੰਡੀਆ ਇੰਤਜ਼ਾਮੀਆ ਸੇਵਾ ਵਿੱਚੋਂ ਬਤੌਰ ਅਫ਼ਸਰ ਸੇਵਾਮੁਕਤ ਹੋਏ ਹਨ। ਉਨ੍ਹਾਂ ਦੇ ਰੋਜ਼ਾਨਾ ਮਜ਼ਹਬੀ ਦਸਤੂਰ ਵਿੱਚ ਗੁਰੂ ਨਾਨਕ ਦਾ ਸ਼ਬਦ 'ਜਪੁ' ਦਾ ਪਾਠ ਸ਼ਾਮਿਲ ਹੈ।

**ਸੰਜੀਵ ਚੰਦ੍ਰਾ ਹੋਤਾ:** ਮੈਨੂੰ ਇਹ ਕਹਿਣ ਲਈ ਮੁਆਫ਼ ਕਰਨਾ ਕਿ ਮੈਂ ਤਥਾਕਥਿਤ ਉੱਚ ਕੁੱਲ 'ਬ੍ਰਾਹਮਣ' ਹਾਂ। ਮੇਰੇ ਮਨ ਵਿੱਚ ਗੁਰੂ ਨਾਨਕ ਦੇਵ ਬਾਰੇ ਹੋਰ ਜਾਣਨ ਦੀ ਜਗਿਆਸਾ ਸੀ। ਮੇਰੇ ਇੱਕ ਸਿੱਖ ਦੋਸਤ ਨੇ ਮਿਹਰਬਾਨੀ ਕਰ ਕੇ ਮੈਨੂੰ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਦਿੱਤੀ ਜੋ ਮੈਂ ਆਪਣੇ ਘਰ ਰੱਖੀ ਹੈ ਅਤੇ ਮੈਂ

ਸਵੇਰੇ ਆਪਣੀ ਪੂਜਾ 'ਮੂਲ ਮੰਤਰ' ਦੇ ਜਾਪ ਨਾਲ ਕਰਦਾ ਹਾਂ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿੱਚੋਂ ਤਿੰਨ ਚੀਜ਼ਾਂ ਮੇਰਾ ਦਿਲ ਟੁੰਬਦੀਆਂ ਹਨ-ਪਹਿਲਾਂ, ਸਿਰਜਣਹਾਰ ਇੱਕ ਹੈ, ਦੂਜਾ, ਉਹ ਸਰਵਸ਼ਕਤੀਮਾਨ ਹੈ ਜਿਸ ਨਾਲ ਸਮੁੱਚਾ ਜਗਤ ਗਤੀ ਵਿੱਚ ਹੈ ਅਤੇ ਤੀਜਾ, ਆਲਮੀ ਭਾਈਚਾਰਾ, ਚੰਗੇ ਕਰਮਾਂ ਦਾ ਰਾਹ ਹੈ। ਗੁਰੂ ਨਾਨਕ ਦੀਆਂ ਇਨ੍ਹਾਂ ਤਿੰਨਾਂ ਸਿੱਖਿਆਵਾਂ ਨੇ ਮੇਰੇ ਦਿਲ ਨੂੰ ਛੂਹਿਆ ਅਤੇ ਮੈਨੂੰ ਉਨ੍ਹਾਂ ਦੇ ਰਾਹ ਉੱਤੇ ਪਾ ਲਿਆ।

ਕਟਕ ਨੂੰ ਜਾਂਦੇ ਹੋਏ ਅਸੀਂ ਪਿੰਡ ਬੀਰਂਚੀਪੁਰ ਦੇ ਮੁਹਤਬਰ ਭਾਸਕਰ ਚੰਦਰ ਸਾਹੂ ਨੂੰ ਮਿਲਣ ਲਈ ਰੁਕੇ ਹਾਂ।

੧੯੦੦ਵਿਆਂ ਦੇ ਸ਼ੁਰੂ ਵਿੱਚ ਬ੍ਰਿਟਿਸ਼ ਇੰਡੀਆ ਸਰਕਾਰ ਦਾ ਇੱਕ ਸਿੱਖ ਇੰਤਜ਼ਾਮੀਆ ਅਫ਼ਸਰ ਇਸ ਇਲਾਕੇ ਵਿੱਚ ਤਾਇਨਾਤ ਸੀ ਜਿਸ ਦਾ ਇਸ ਪਿੰਡ ਦੇ ਵਾਸੀਆਂ ਉੱਤੇ ਚੋਖਾ ਅਸਰ ਪਿਆ। ਉਸ ਤੋਂ ਬਾਅਦ ਇਸ ਪਿੰਡ ਦੇ ਵਾਸੀਆਂ ਦਾ ਨੇਮ ਬਣ ਗਿਆ ਕਿ ਉਹ ਆਪਣੇ ਰੋਜ਼ਾਨਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਸਵੇਰੇ ਮੰਦਿਰ ਵਿੱਚ ਗੁਰੂ ਨਾਨਕ ਦੀ ਬਾਣੀ ਵਿੱਚੋਂ 'ਜਪੁਜੀ' ਦਾ ਪਾਠ ਕਰਦੇ ਹਨ। ਪਿੰਡ ਵਾਸੀ ਇਸ ਅਸਥਾਨ ਨੂੰ ਗੁਰਦਵਾਰਾ ਆਖਦੇ ਹਨ।

**ਭਾਸਕਰ ਚੰਦਰ ਸਾਹੂ:** ੧ੳ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਦੇਵ ਸਾਹਿਬ ਜੀ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ॥

ਪਿੰਡ ਵਾਸੀਆਂ ਨੇ ਆਪਣੇ ਗਰਾਂ ਵਿੱਚ ਗੁਰੂ ਨਾਨਕ ਦੀ ਬਾਣੀ ਲਿਆਉਣ ਵਾਲੇ ਸਿੱਖ ਅਫ਼ਸਰ ਦੇ ਸਤਿਕਾਰ ਵਜੋਂ ਉਸ ਦਾ ਕੜਾ ਅਤੇ ਪੋਥੀ ਸੰਭਾਲ ਰੱਖੀ ਹੈ। ਇਹ ਪੋਥੀ ਪੁਰਾਣੇ ਅੰਦਾਜ਼ ਦੀ ਗੁਰਮੁਖੀ ਹੱਥਲਿਖਤ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਹਨ। ਪਿੰਡ ਵਾਸੀਆਂ ਨੂੰ ਗੁਰਮੁਖੀ ਪੜ੍ਹਨੀ ਨਹੀਂ ਆਉਂਦੀ ਪਰ ਗੁਰੂ ਨਾਨਕ ਦੀ ਬਾਣੀ ਨੂੰ ਸਮਝਣ ਦੀ ਜਗਿਆਸਾ ਪੂਰੀ ਕਰਨ ਲਈ ਉਨ੍ਹਾਂ ਨੇ ਦੋ ਜਿਲਦਾਂ ਵਿੱਚ ਛਪਿਆ ਹਿੰਦੀ ਵਾਲਾ 'ਗੁਰੂ ਗ੍ਰੰਥ ਸਾਹਿਬ' ਖ਼ਰੀਦ ਲਿਆਂਦਾ ਹੈ।

**ਨਾਰਾਯਣ ਪਨੀਗ੍ਰਹੀ:** ਲੋਕਾਂ ਨੂੰ 'ਠਾਕੁਰ' (ਗੁਰੂ) ਨਾਨਕ ਪਸੰਦ ਹੈ। ਉਹ ਪੰਜ ਸੌ ਸਾਲ ਪਹਿਲਾਂ ਪਿੰਡ-ਪਿੰਡ ਗਏ। ਉਹ ਲੋਕਾਂ ਦੇ ਦਿਲ-ਦਿਮਾਗ਼ ਵਿੱਚ ਵਸੇ ਹਨ। ਅਸੀਂ ਗ੍ਰੰਥ ਦੀ ਪੂਜਾ ਕਰਦੇ ਹਾਂ।

**ਅਮਰਦੀਪ ਸਿੰਘ:** ਗੁਰੂ ਨਾਨਕ ਬਿਰੰਚੀਪੁਰ ਦੇ ਨਾਨਕਪੰਥੀ ਉੜੀਆ ਪਰਿਵਾਰਾਂ ਦੇ ਦਿਲ ਵਿੱਚ ਵਸਦੇ ਹਨ। ਗੁਰੂ ਨਾਨਕ ਦਾ ਫ਼ਲਸਫ਼ਾ ਉਨ੍ਹਾਂ ਦੀ ਜ਼ਿੰਦਗੀ ਦੀ ਪ੍ਰੇਰਨਾ ਹੈ।

ਕਟਕ ਨੂੰ ਜਾਂਦੇ ਹੋਏ ਆਪਣੇ ਸਫ਼ਰ ਦੌਰਾਨ ਅਸੀਂ ਭਦ੍ਰਕ ਪਿੰਡ ਵਿੱਚ ਰੁਕੇ ਹਾਂ।

**ਅਮਰਦੀਪ ਸਿੰਘ:** ਗੁਰੂ ਨਾਨਕ ਦੀਆਂ ਉਦਾਸੀਆਂ ਦਾ ਅਸਰ ਵੱਖ-ਵੱਖ ਸੱਭਿਆਚਾਰ ਵਾਲੇ ਲੋਕਾਂ ਉੱਤੇ ਪਿਆ। ਉੜੀਸਾ ਦੇ ਇਸ ਛੋਟੇ ਜਿਹੇ ਪਿੰਡ ਵਿੱਚ ਨਾਟਕ ਖੇਡਿਆ ਜਾਂਦਾ ਹੈ ਜਿਸ ਵਿੱਚ ਗੁਰੂ ਨਾਨਕ ਦੀਆਂ ਵਹਿਦਤ ਵਾਲੀਆਂ ਆਲਮੀ ਕਦਰਾਂ-ਕੀਮਤਾਂ ਦੀ ਵਜ਼ਾਹਤ ਕੀਤੀ ਜਾਂਦੀ ਹੈ।

**ਰਾਮ ਪ੍ਰਸਾਦ ਮਹੰਤੀ:**

ਸਦਾ ਰਮੇ ਰਹਿਣਾ।
ਇਹ ਜਿਸਮ ਮਿੱਟੀ ਦਾ ਪੁਤਲਾ ਹੈ।
ਇਹ ਹਰ ਦਮ ਯਾਦ ਰੱਖਣਾ।
ਕੌਣ ਜਾਣਦਾ ਹੈ ਕਿ ਕਦੋਂ ਦਮ ਨਿਕਲ ਜਾਵੇ।
ਇਸ ਦਾ ਕੋਈ ਟਿਕਾਣਾ ਨਹੀਂ।

ਮੇਰਾ ਨਾਮ ਰਾਮ ਪ੍ਰਸਾਦ ਮਹੰਤੀ ਹੈ। ਮੇਰੀ ਉਮਰ ੮੫ ਸਾਲ ਹੈ ਅਤੇ ਮੈਂ ਉੜੀਆ ਹਾਂ। ਮੈਂ 'ਮੁਗ਼ਲ' ਤਮਾਸ਼ੇ ਵਿੱਚ ਅਦਾਕਾਰੀ ਕਰਦਾ ਸਾਂ। 'ਮੁਗ਼ਲ' ਤਮਾਸ਼ਾ 'ਮੁਗ਼ਲ' ਹਕੂਮਤ ਵੇਲੇ ਲਿਖਿਆ ਗਿਆ। ਇਸ ਤਮਾਸ਼ੇ ਵਿੱਚ ਇੱਕ ਕਿਰਦਾਰ ਨਾਨਕ ਸਾਹਿਬ ਦਾ ਹੈ। ਮੈਂ ਆਪ ਜੀ ਨਾਲ ਸਾਂਝਾ ਕਰਦਾ ਹਾਂ।

ਰਾਮ ਤੇ ਰਹਮਾਨ ਨੁ ਜੁਦਾ ਨਾ ਕਰੋ
ਦਿਲ ਕੋ ਸੱਚਾ ਰਖੋ ਜੀ
ਹਾਂ ਜੀ, ਹਾਂ ਜੀ ਕਰਤੇ ਰਹੋ
ਦੁਨੀਯਾ ਦਾਰੀ ਦੇਖੋ ਜੀ

ਰਾਮ ਅਤੇ ਰਹਿਮਾਨ ਨੂੰ ਅੱਡ ਨਾ ਕਰੋ
ਅਤੇ ਆਪਣਾ ਦਿਲ ਸੱਚਾ ਰੱਖੋ।
ਹਾਂ ਜੀ ਕਹੋ ਅਤੇ ਹਾਂ ਜੀ ਕਹਾਓ।
ਮਨੁੱਖਤਾ ਦਾ ਧਿਆਨ ਰੱਖੋ।

ਨਾਨਕ ਕਹਿੰਦੇ ਹਨ ਕਿ ਸਭ ਧਰਮਾਂ ਨੂੰ ਬਰਾਬਰ ਸਮਝੋ। ਉਨ੍ਹਾਂ ਦੀਆਂ ਸਿੱਖਿਆਵਾਂ ਦਾ ਮੂਲ ਇਹੋ ਹੈ। ਮੌਜੂਦਾ ਦੌਰ ਵਿੱਚ ਵੀ ਅਸੀਂ 'ਮੁਗ਼ਲ' ਨਾਟਕ ਖੇਡਦੇ ਹਾਂ ਤਾਂ ਨਾਨਕ ਜੀ ਦਾ ਇਹੋ ਕਿਰਦਾਰ ਹੁੰਦਾ ਹੈ।

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ॥
ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ॥
(ਰਾਗ ਆਸਾ, ਗੁਰੂ ਨਾਨਕ)

ਪਾਤਿਸ਼ਾਹ ਪਰਮੇਸ਼ਰ ਨੇ ਤਜਰਬੇ ਲਈ ਸ੍ਰਿਸ਼ਟੀ ਸਾਜਣ ਦਾ ਪਰਪੰਚ ਕੀਤਾ ਹੈ।

ਸਭ ਉਸ ਦੀ ਨਜ਼ਰ ਵਿੱਚ ਹੈ, ਉਹ ਸਭ ਬੁੱਝਦਾ ਹੈ ਅਤੇ ਜਾਣੀ-ਜਾਣ ਹੈ। ਉਹ ਹਰ ਥਾਂ ਵਸਦਾ ਹੈ, ਅੰਦਰ ਵੀ ਅਤੇ ਬਾਹਰ ਵੀ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਦੁਨੀਆ ਨੂੰ ਸਿਰਜਣਹਾਰੇ ਦੇ ਸਾਜੇ ਮੰਚ ਵਜੋਂ ਦੇਖਦੇ ਹਨ ਜੋ ਆਪਣੇ ਵਜੂਦ ਦੀਆਂ ਬਿਰਤੀਆਂ ਰਾਹੀਂ ਅਹਿਸਾਸ ਕਰਦਾ ਹੈ। ਇਸ ਦਾ ਮਾਅਨਾ ਹੈ ਕਿ ਸਿਰਜਣਹਾਰ ਦਾ ਸਾਡੇ ਵਿੱਚ ਅਤੇ ਸਾਡਾ ਸਿਰਜਣਹਾਰ ਵਿੱਚ ਵਾਸਾ ਹੈ; ਕੁੱਲ ਮਿਲਾ ਕੇ ਅਸੀਂ ਇੱਕ ਹਾਂ।

ਅਸੀਂ ਹੁਣ ਭਦ੍ਰਕ ਤੋਂ ਗੁਰਦਵਾਰਾ ਦਾਤਣ ਸਾਹਿਬ ਜਾਣ ਲਈ ਕਟਕ ਜਾ ਰਹੇ ਹਾਂ। ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਕਟਕ ਵਿੱਚ ਕਿਆਮ ਦੀ ਯਾਦ ਵਿੱਚ ਇਹ ਅਸਥਾਨ ਮਹਾਂਨਦੀ ਦੇ ਕਿਨਾਰੇ ਬਣਾਇਆ ਗਿਆ ਹੈ।

ਕਟਕ ਗੁਰੂ ਨਾਨਕ ਦੇ ਸਮੇਂ ਵਿੱਚ ਉੜੀਸਾ ਇਲਾਕੇ ਦੀ ਰਾਜਧਾਨੀ ਸੀ।

**ਅਮਰਦੀਪ ਸਿੰਘ:** ਜਗਨਨਾਥ ਦੀ ਯਾਤਰਾ ਦੇ ਪੁਰਾਣੇ ਰਾਹ ਵਿੱਚ ਕਟਕ ਪੈਂਦਾ ਹੈ ਜੋ ਕਾਠਾਜੋੜੀ ਅਤੇ ਮਹਾਂਨਦੀ ਨਾਮ ਦੀਆਂ ਦੋ ਨਦੀਆਂ ਦੇ ਵਿਚਕਾਰ ਵੱਸਿਆ ਹੈ। ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਇਸੇ ਰਾਹ ਤੋਂ ਕਟਕ ਦਾ ਸਫ਼ਰ ਕੀਤਾ ਅਤੇ ਉੱਥੇ ਰਾਜਾ ਅਤੇ ਆਵਾਮ ਨਾਲ ਗੋਸ਼ਟਿ ਕੀਤਾ।

ਉਸ ਵੇਲੇ ਦਾ ਉੜੀਸਾ ਦਾ ਰਾਜਾ ਪ੍ਰਤਾਪੁਦਰਾਦੇਵ ਸੀ ਜੋ ਵੈਸ਼ਨਵੀ ਮਜ਼ਹਬੀ ਬਿਰਤੀ ਵਾਲਾ ਨਿਮਾਣਾ ਬੰਦਾ ਸੀ। ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਆਉਣ ਦੀ ਖ਼ਬਰ ਸੁਣ ਕੇ ਰਾਜਾ ਆਪ ਮਿਲਣ ਲਈ ਪਹੁੰਚਿਆ। ਰੂਹਾਨੀ ਜਗਿਆਸਾ ਵਾਲੇ ਰਾਜਾ ਨੇ ਗੁਰੂ ਨਾਨਕ ਨੂੰ ਪੁੱਛਿਆ ਕਿ ਸਿਰਜਣਹਾਰੇ ਦੀ ਰਮਜ਼ ਕਿਵੇਂ ਸਮਝੀ ਜਾਵੇ ਕਿਉਂਕਿ ਉਸ ਦੀ ਸਿਰਜਣਾ ਦਾ ਖ਼ਾਸਾ ਬਹੁਤ ਵਸੀਹ ਹੈ। ਗੁਰੂ ਨਾਨਕ ਨੇ ਆਪਣਾ ਨਜ਼ਰੀਆ ਸਮਝਾਉਣ ਲਈ ਕੁਦਰਤ ਦੀਆਂ ਮਿਸਾਲਾਂ ਦਿੰਦੇ ਹੋਏ ਗਾਇਆ,

ਏਕੋ ਸਰਵਰੁ ਕਮਲ ਅਨੂਪ॥
ਸਦਾ ਬਿਗਾਸੈ ਪਰਮਲ ਰੂਪ॥
ਊਜਲ ਮੋਤੀ ਚੂਗਹਿ ਹੰਸ॥
ਸਰਬ ਕਲਾ ਜਗਦੀਸੈ ਅੰਸ॥
ਜੋ ਦੀਸੈ ਸੋ ਉਪਜੈ ਬਿਨਸੈ॥
ਬਿਨੁ ਜਲ ਸਰਵਰਿ ਕਮਲੁ ਨ ਦੀਸੈ॥
(ਰਾਗ ਆਸਾ, ਗੁਰੂ ਨਾਨਕ)

ਸਰੋਵਰ ਵਿੱਚ ਕਮਲ ਦਾ ਅਨੂਪ ਫੁੱਲ ਹੈ।
ਇਹ ਆਪਣੇ ਪਰਮਲ ਰੂਪ ਵਿੱਚ ਸਦਾ ਖਿੜਦਾ ਹੈ।
ਹੰਸ ਉਜਲੇ ਮੋਤੀ ਚੁਗਦਾ ਹੈ।

ਸਿਰਜਣਾ ਦੇ ਹਰ ਪੱਖ ਵਿੱਚ ਸਰਵ-ਵਿਆਪੀ ਸਿਰਜਣਹਾਰੇ ਦੀ ਹੋਂਦ ਨਜ਼ਰ ਆਉਂਦੀ ਹੈ।
ਜੋ ਨਜ਼ਰ ਆਉਂਦਾ ਹੈ, ਉਹ ਜਨਮ-ਮਰਨ ਦੇ ਘੇਰੇ ਵਿੱਚ ਹੈ।
ਤਾਲਾਬ ਵਿੱਚ ਪਾਣੀ ਤੋਂ ਬਿਨਾਂ ਕਮਲ ਨਹੀਂ ਹੋ ਸਕਦਾ।
(ਰਾਗ ਆਸਾ, ਗੁਰੂ ਨਾਨਕ)

ਸਮੁੱਚੀ ਸਿਰਜਣਾ ਸਿਰਜਣਹਾਰੇ ਦਾ ਅੰਸ਼ ਹੈ ਜਿਸ ਵਿੱਚ ਉਸਾਰੂ ਅਤੇ ਢਾਹੂ ਤੱਤ ਅਟੁੱਟ ਹਨ। ਗੁਰੂ ਨਾਨਕ ਨੇ ਕਿਹਾ ਕਿ ਸਿਰਜਣਾ ਦੇ ਗੁਣਾਂ ਰਾਹੀਂ ਹੀ ਸਿਰਜਣਹਾਰੇ ਦਾ ਅਹਿਸਾਸ ਹੋ ਸਕਦਾ ਹੈ। ਢਾਹੂ ਪੱਖ, ਉਸਾਰੂ ਗੁਣਾਂ ਨੂੰ ਗ੍ਰਹਿਣ ਕਰਨ ਦੀ ਯਾਦ-ਦਿਹਾਨੀ ਲਈ ਹਨ।

ਅਸੀਂ ਗੁਰਦਵਾਰਾ ਦਾਤਣ ਸਾਹਿਬ ਤੋਂ ਕੁਝ ਫ਼ਾਸਲੇ ਉੱਤੇ ਮਹਾਂਨਦੀ ਦੇ ਕਿਨਾਰੇ ਜਾ ਰਹੇ ਹਾਂ ਜਿਸ ਅਸਥਾਨ ਉੱਤੇ 'ਸਹਾੜਾ' ਦੇ ਰੁੱਖ ਦੀ ਮਾਨਤਾ ਹੈ। ਇਹ ਦੱਸਿਆ ਜਾਂਦਾ ਹੈ ਕਿ ਚੇਤਨ ਨਾਮ ਦੇ ਸ਼ਰਧਾਲੂ ਨੇ ਗੁਰੂ ਨਾਨਕ ਨੂੰ 'ਸਹਾੜਾ' ਦੇ ਰੁੱਖ ਦੀ ਦਾਤਣ ਦਿੱਤੀ ਸੀ। ਗੁਰੂ ਨਾਨਕ ਨੇ ਇਹ ਦਾਤਣ ਦੀ ਕਲਮ ਲਗਾ ਦਿੱਤੀ ਜੋ ਬਾਅਦ ਵਿੱਚ ਰੁੱਖ ਬਣ ਗਈ। ਇਸ ਬਿਰਤਾਂਤ ਦਾ ਪੁਰਾਣੀਆਂ 'ਜਨਮਸਾਖੀਆਂ' ਵਿੱਚ ਜ਼ਿਕਰ ਨਹੀਂ ਆਉਂਦਾ। ਜਦੋਂ ੧੯੩੦ਵਿਆਂ ਵਿੱਚ ਪੁਰਾਣਾ ਰੁੱਖ ਖ਼ਤਮ ਹੋ ਗਿਆ ਤਾਂ ਉਸ ਦੀ ਥਾਂ ਇਹ ਨਵਾਂ ਰੁੱਖ ਲਗਾਇਆ ਗਿਆ ਸੀ।

ਇਸ ਰੁੱਖ ਦੀ ਮਾਨਤਾ ਨੂੰ ਦੇਖ ਕੇ ਮੈਂ ਸੋਚਦਾ ਹਾਂ ਕਿ ਮਨੁੱਖਾ ਮਨ ਗਤੀਮਾਨ ਪਦਾਰਥ ਰੂਪ ਵਿੱਚ ਕਿਵੇਂ ਉਲਝ ਜਾਂਦਾ ਹੈ ਜਦੋਂ ਕਿ ਗੁਰੂ ਨਾਨਕ ਨੇ ਆਪਣੇ ਫ਼ਲਸਫ਼ੇ ਵਿੱਚ ਸਿਰਜਣਾ ਦੇ ਹਰ ਪੱਖ ਦੇ ਸਤਿਕਾਰ ਦੀ ਵਕਾਲਤ ਕੀਤੀ ਹੈ।

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥
ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥
(ਗਉੜੀ ਪੂਰਬੀ ਦੀਪਕੀ, ਗੁਰੂ ਨਾਨਕ)

ਹਾਜ਼ਰਾ-ਹਜ਼ੂਰ ਸ਼ਕਤੀ ਨਿੱਤ ਆਪਣੀ ਸਿਰਜਣਾ ਦੀ ਸੇਵਾ-ਸੰਭਾਲ ਕਰਦੀ ਹੈ ਅਤੇ ਦੇਵਣਹਾਰ ਸਭ ਦੀ ਦੇਖਭਾਲ ਕਰਦਾ ਹੈ।
ਉਸ ਦੀਆਂ ਨਿਵਾਜਸ਼ਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਦੇਵਣਹਾਰ ਦਾ ਕੌਣ ਅਤੇ ਕਿਵੇਂ ਜਾਇਜ਼ਾ ਲੈ ਸਕਦਾ ਹੈ?
(ਗਉੜੀ ਪੂਰਬੀ ਦੀਪਕੀ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕਟਕ ਤੋਂ ਜਗਨਨਾਥ ਵਾਲੀ ਪੁਰਾਣੀ ਸੜਕ ਉੱਤੇ ਬੰਗਾਲ ਦੀ ਖਾੜੀ ਦੇ ਨਾਲ-ਨਾਲ ਪੁਰੀ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਰਾਜੇ ਉੱਤੇ ਉਸਾਰੂ ਅਸਰ ਬਾਰੇ ਸੁਣ ਕੇ ਕਲਯੁੱਗ ਨਾਮ ਦੇ ਪੰਡਿਤ ਨੂੰ ਆਪਣਾ ਰੁਤਬਾ ਖੁੱਸ ਜਾਣ ਦਾ ਖ਼ਦਸ਼ਾ ਹੋਇਆ। ਇਸ ਉਪਰੰਤ ਉਹ ਪੁਰੀ ਸ਼ਹਿਰ ਦੇ ਬਾਹਰ ਗੁਰੂ ਨਾਨਕ ਨੂੰ ਮਿਲਿਆ।

ਉਸ ਨੇ ਗੁਰੂ ਨਾਨਕ ਨੂੰ ਆਪਣੇ ਗਿਆਨ ਦੀ ਦਲੀਲ ਅਤੇ 'ਤੰਤਰ', ਕਾਲੇ ਜਾਦੂ ਦਾ ਸਾਹਮਣਾ ਕਰਨ ਲਈ ਵੰਗਾਰਿਆ। ਗੁਰੂ ਨਾਨਕ ਨੇ ਨਿਮਾਣੇ ਪਰ ਡੂੰਘੇ ਅੰਦਾਜ਼ ਵਿੱਚ ਜੁਆਬ ਦਿੱਤਾ,

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
(ਸਿਰੀ ਰਾਗ, ਗੁਰੂ ਨਾਨਕ)

ਜੇ ਮੈਂ ਰਿਧੀਆਂ-ਸਿਧੀਆਂ ਦਾ ਮਾਲਕ ਹੁੰਦਾ।
ਜੇ ਮੈਂ ਮਰਜ਼ੀ ਨਾਲ ਗਾਇਬ ਹੋਣ ਅਤੇ ਹਾਜ਼ਿਰ ਹੋਣ ਦੇ ਕੌਤਕ ਕਰਦਾ।
ਜੇ ਲੋਕਾਂ ਉੱਤੇ ਮੇਰਾ ਰੋਬ ਪੈਂਦਾ ਤਾਂ ਇਨ੍ਹਾਂ ਸ਼ਕਤੀਆਂ ਨਾਲ ਮੈਂ ਗੁੰਮਰਾਹ ਹੋ ਜਾਣਾ ਸੀ ਅਤੇ ਆਪਣੀ ਆਤਮ-ਪੜਚੋਲ ਦਾ ਰਾਹ ਵਿਸਾਰ ਦੇਣਾ ਸੀ।
(ਸਿਰੀ ਰਾਗ, ਗੁਰੂ ਨਾਨਕ)

ਸੱਚਾ ਵਿਵੇਕ ਤਾਂ ਨਿਮਾਣਾ ਹੋਣ ਵਿੱਚ ਹੈ। ਫਲਾਂ ਨਾਲ ਲੱਦਿਆ ਰੁੱਖ ਫਲ ਦੇਣ ਲਈ ਝੁਕ ਜਾਂਦਾ ਹੈ। ਜੇ ਕਿਸੇ ਨੂੰ ਗਿਆਨ, ਅਮੀਰੀ ਜਾਂ ਤਾਕਤ ਹਾਸਿਲ ਹੋਈ ਹੈ ਤਾਂ ਉਸ ਨੂੰ ਹਉਮੈਂ, ਭੈਅ ਅਤੇ ਸਾੜੇ ਦਾ ਤਿਆਗ ਕਰ ਕੇ ਸ਼ੁਕਰਾਨਾ ਕਰਨਾ ਚਾਹੀਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪੰਡਿਤ ਕਲਯੁੱਗ ਨਾਲ ਮਾਅਨਾਖ਼ੇਜ਼ ਗੋਸ਼ਟਿ ਕੀਤਾ ਅਤੇ ਸਮੁੰਦਰ ਦੇ ਕੰਢੇ-ਕੰਢੇ ਪੁਰੀ ਲਈ ਚਾਲੇ ਪਾ ਦਿੱਤੇ। ਇਹ ਸ਼ਹਿਰ ਜਗਨਨਾਥ ਨੂੰ ਮਨਸੂਬ ਹੈ ਜੋ ਭਗਵਾਨ ਵਿਸ਼ਨੂੰ ਦੇ ਅਵਤਾਰ ਹਨ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਕਟਕ ਤੋਂ ਪੁਰੀ ਜਾ ਰਹੇ ਹਾਂ।

ਪੁਰੀ ਵਿੱਚ ਅਸੀਂ ਅਨਿਲ ਧੀਰ ਨੂੰ ਮਿਲਣ ਜਾ ਰਹੇ ਹਾਂ ਜਿਨ੍ਹਾਂ ਨੇ ਆਜ਼ਾਦ ਖੋਜੀ ਵਜੋਂ ਉਡੀਸਾ ਦੇ ਸੂਬੇ ਬਾਰੇ ਬਹੁਤ ਕੁਝ ਖੰਘਾਲ਼ਿਆ ਹੈ।

**ਅਨਿਲ ਧੀਰ:** ਉਡੀਸਾ ਦਾ ਜਗਨਨਾਥ ਮੰਦਿਰ ਧਾਮਾਂ ਵਿੱਚ ਸ਼ੁਮਾਰ ਹੈ। ਸਦੀਆਂ ਤੋਂ ਇਸ ਅਸਥਾਨ ਉੱਤੇ ਜ਼ਿਆਰਤੀਆਂ ਦੇ ਨਾਲ-ਨਾਲ ਸੰਤ ਅਤੇ ਪੀਰ-ਫ਼ਕੀਰ ਆਉਂਦੇ ਰਹੇ ਹਨ। ਗੁਰੂ ਨਾਨਕ ਉਡੀਸਾ ਆਏ ਤਾਂ ਉਸ ਤੋਂ ਬਾਅਦ ਉੱਤਰ ਵਾਲੇ ਪਾਸੇ ਤੋਂ ਜ਼ਿਆਰਤੀਆਂ ਦੀ ਧਾਰਾ ਸ਼ੁਰੂ ਹੋ ਗਈ। ਬਾਅਦ ਵਿੱਚ ਇੱਥੇ ਨਾਨਕਪੰਥੀ ਅਤੇ ਉਦਾਸੀ ਵੀ ਆਏ। ਮੇਰਾ ਮੰਨਣਾ ਹੈ ਕਿ ਨਾਨਕ ਜੀ ਉਦਾਸੀਆਂ ਉੱਤੇ ਪ੍ਰਚਾਰਕ ਵਜੋਂ ਨਹੀਂ ਆਏ ਸਨ। ਉਹ ਆਪ ਆਰਜ਼ੂਮੰਦ ਸਨ।

ਅਸੀਂ ਹੁਣ ਜਗਨਨਾਥ ਮੰਦਿਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਜਗਨਨਾਥ ਮੰਦਿਰ ਹਿੰਦੂ ਧਰਮ ਦਾ ਅਹਿਮ ਤੀਰਥ ਅਸਥਾਨ ਹੈ। ਇਹ ਭਗਵਾਨ ਜਗਨਨਾਥ ਨੂੰ ਸਮਰਪਿਤ ਹੈ ਜੋ ਭਗਵਾਨ ਵਿਸ਼ਨੂੰ ਦੇ ਅਵਤਾਰ ਹਨ।

'ਜਗਨ' ਦਾ ਮਾਅਨਾ ਜਹਾਨ ਹੈ ਅਤੇ 'ਨਾਥ' ਦਾ ਮਾਅਨਾ ਸਿਰਜਣਹਾਰ ਹੈ। ਮੂਲਵਾਸੀਆਂ ਦੀ ਕੁਦਰਤ ਦੀ ਉਪਾਸਨਾ ਕਰਨ ਦੀ ਰੀਤ ਮੁਤਾਬਕ ਜਗਨਨਾਥ ਦੀ ਮੂਰਤੀ ਹਾਲੇ ਵੀ ਸਿਰਫ਼ ਲੱਕੜ ਦੀ ਬਣਾਈ ਜਾਂਦੀ ਹੈ। ਇਹ ਦਸਤੂਰ ਕੁਦਰਤ ਦਾ ਸਰਵ-ਸ਼ਕਤੀਮਾਨ ਵਜੋਂ ਸਨਮਾਨ ਕਰਨ ਦੇ ਇਰਾਦੇ ਨਾਲ ਸ਼ੁਰੂ ਹੋਇਆ। ਮੁਕਾਮੀ ਮਨੌਤ ਹੈ ਕਿ ਜਗਨਨਾਥ ਕਾਇਨਾਤ ਦੇ ਬੇਰੋਕ ਮਾਲਕ ਹਨ। ਦਿਲਚਸਪ ਗੱਲ ਇਹ ਹੈ ਕਿ ਅੰਗਰੇਜ਼ੀ ਦੇ ਅੱਖਰ ਜਗਰਨੌਟ ਦੀਆਂ ਜੜ੍ਹਾਂ ਜਗਨਨਾਥ ਦੇ ਗੁਣਾਂ ਨਾਲ ਜੁੜਦੀਆਂ ਹਨ। ਇਸ ਸ਼ਬਦ ਦਾ ਅਰਥ ਅਥਾਹ ਗ਼ਾਲਿਬ ਤਾਕਤ ਹੈ।

**ਅਮਰਦੀਪ ਸਿੰਘ:** ਜਗਨਨਾਥ ਮੰਦਿਰ ਵਿੱਚ ਹੁੰਦੀ ਆਰਤੀ ਦੇਖ ਕੇ ਹੀ, ਗੁਰੂ ਨਾਨਕ ਨੇ ਸ਼ਬਦ ਜੋੜੇ ਜੋ ਕਰਮ-ਕਾਂਡੀ ਅਮਲਾਂ ਦੀ ਥਾਂ ਕੁਦਰਤ ਦੇ ਸਤਿਕਾਰ ਉੱਤੇ ਜ਼ੋਰ ਦਿੰਦੇ ਹਨ।

ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥
ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥
(ਰਾਗ ਧਨਾਸਰੀ, ਗੁਰੂ ਨਾਨਕ)

ਮਨੁੱਖ ਨੂੰ ਆਰਤੀ ਕਿਵੇਂ ਕਰਨੀ ਚਾਹੀਦੀ ਹੈ? ਓ ਦੁਨੀਆ ਦੇ ਸਿਰਜਣਹਾਰ ਅਤੇ ਵਿਨਾਸਕਾਰ, ਤੇਰੀ ਆਰਤੀ!
ਵਿਵੇਕ ਦੇ ਅਨੰਤ ਅੰਮ੍ਰਿਤ ਦੀ ਗੂੰਜ ਤਨ-ਮਨ ਵਿੱਚ ਪੈਂਦੀ ਹੈ।
ਆਕਾਸ਼ ਉਹ ਥਾਲ ਹੈ ਜਿਸ ਵਿੱਚ ਸੂਰਜ ਅਤੇ ਚੰਦ ਦੀਪਕ ਹਨ, ਤਾਰੇ ਅਤੇ ਤਾਰਾ ਮੰਡਲ ਬੇਸ਼ਕੀਮਤੀ ਹੀਰੇ ਹਨ।
ਚੰਦਨ ਦੀ ਧੂਫ਼ ਧੁੱਖ ਰਹੀ ਹੈ, ਪਵਨ ਚੌਰ ਕਰਦੀ ਹੈ ਅਤੇ ਸਮੁੱਚੇ ਫੁੱਲ-ਪੱਤੇ ਪ੍ਰਕਾਸ਼ਵਾਨ ਹਾਜ਼ਰਾ-ਹਜ਼ੂਰ ਨੂੰ ਚੜ੍ਹ ਰਿਹਾ ਚੜ੍ਹਾਵਾ ਹਨ।
(ਰਾਗ ਧਨਾਸਰੀ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਜਦੋਂ ਹਾਜ਼ਰਾ-ਹਜ਼ੂਰ ਦਾ ਇਜ਼ਹਾਰ ਕੁਦਰਤ ਦੇ ਹਰ ਤੱਤ ਵਿੱਚ ਹੁੰਦਾ ਹੈ ਤਾਂ ਇਸ ਵਿਸ਼ਾਲ ਸਿਰਜਣਾ ਦੇ ਕੁਝ ਰੂਪਾਂ ਦੀ ਹੀ ਅਰਾਧਨਾ ਕਰਨਾ ਸਮੁੱਚੀ ਕੁਦਰਤ ਦੀ ਮਹਿਮਾ ਨਹੀਂ ਹੋ ਸਕਦੀ।

ਗੁਰੂ ਨਾਨਕ ਦੇ ਪੁਰੀ ਆਉਣ ਦੀ ਯਾਦ ਵਿੱਚ ਉਦਾਸੀ ਸੰਪਰਦਾਇ ਨੇ ਜਗਨਨਾਥ ਮੰਦਿਰ ਦੇ ਲਾਗੇ ਕੁਝ ਅਸਥਾਨ ਬਣਾਏ ਸਨ।

---

ਇਨ੍ਹਾਂ ਅਸਥਾਨਾ ਵਿੱਚ 'ਮੰਗੂ ਮੱਠ' ਦਾ ਵੱਡਾ ਨਾਮ ਹੈ। ਅਸੀਂ ਹੁਣ 'ਮੰਗੂ ਮੱਠ' ਜਾ ਰਹੇ ਹਾਂ।

**ਅਮਰਦੀਪ ਸਿੰਘ:** ਮੰਗੂ ਮੱਠ, ਗੁਰੂ ਨਾਨਕ ਦੇ ਪੁਰੀ ਆਉਣ ਦੀ ਯਾਦ ਵਿੱਚ ਜਗਨਨਾਥ ਮੰਦਿਰ ਦੇ ਸਾਹਮਣੇ ਪਾਸੇ ਬਣਾਇਆ ਗਿਆ ਸੀ।

ਭਾਈ ਕਾਹਨ ਸਿੰਘ ਦੇ ਮਹਾਨ ਕੋਸ਼ ਮੁਤਾਬਕ ਗੁਰੂ ਨਾਨਕ ਦੇ ਫ਼ਲਸਫ਼ੇ ਦਾ ਪ੍ਰਚਾਰ ਕਰਨ ਲਈ ਬਾਵਾ ਮੰਗੂ ਨੇ 'ਮੰਗੂ ਮੱਠ' ਗੁਰਦਵਾਰਾ ਬਣਾਇਆ ਸੀ। ਉਹ ਬਾਲੂ ਹਸਨ ਉਦਾਸੀ ਬਿਰਾਦਰੀ ਵਿੱਚੋਂ ਸਨ।ਬਾਲੂ ਹਸਨ ਦਾ ਜੀਵਨ ਕਾਲ ੧੫੬੪ ਤੋਂ ੧੬੬੦ ਈਸਵੀ ਸੀ। ਇਹ ਦੱਸਿਆ ਜਾਂਦਾ ਹੈ ਕਿ ਵੀਹਵੀ ਸਦੀ ਦੇ ਅੱਧ ਤੱਕ 'ਮੰਗੂ ਮੱਠ' ਉੱਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ।

ਜਗਨਨਾਥ ਮੰਦਿਰ ਤੋਂ ਕੁਝ ਫ਼ਾਸਲੇ ਨਾਲ 'ਬਾਉਲੀ ਮੱਠ' ਹੈ ਜੋ 'ਪੰਚਾਇਤੀ ਅਖਾੜੇ' ਦੇ ਉਦਾਸੀਆਂ ਨੇ ਸਿੱਖਿਆ ਦੇ ਮਰਕਜ਼ ਵਜੋਂ ਬਣਾਇਆ ਸੀ।

ਸਾਚੁ ਨਾਮੁ ਗੁਰ ਸਬਦਿ ਵੀਚਾਰਿ॥
ਗੁਰਮੁਖਿ ਸਾਚੇ ਸਾਚੈ ਦਰਬਾਰਿ॥
ਸਚਾ ਅਰਜੁ ਸਚੀ ਅਰਦਾਸਿ॥
(ਗੁਰੂ ਨਾਨਕ)

ਵਿਵੇਕ ਵਾਲੇ ਸ਼ਬਦਾਂ ਉੱਤੇ ਸੱਚੀ ਸੋਚ-ਵਿਚਾਰ ਕਰੋ।
ਰੂਹਾਨੀ ਝੁਕਾਅ ਵਾਲੇ ਸੱਚ ਦੇ ਦਰਬਾਰ ਵਿੱਚ ਸੱਚੇ ਰਹਿੰਦੇ ਹਨ।
ਸੱਚੀ ਆਰਜ਼ਾ ਨਾਲ ਅਰਦਾਸ ਸੱਚੀ ਹੁੰਦੀ ਹੈ।
(ਗੁਰੂ ਨਾਨਕ)

ਇਸ ਅਸਥਾਨ ਵਿੱਚ ਮੌਜੂਦ ਪੌੜੀਆਂ ਵਾਲੀ ਬਾਉਲੀ ਦੇ ਵਜੋਂ ਇਸ ਦਾ ਨਾਮ 'ਬਾਉਲੀ ਮੱਠ' ਹੈ। ਇਸ ਅਸਥਾਨ ਵਿੱਚ ਭਗਵਾਨ ਜਗਨਨਾਥ ਦੀ ਮੂਰਤੀ ਬਿਰਾਜਮਾਨ ਹੈ ਅਤੇ ਨਾਲ ਦੇ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ।

**ਸਤਿਆ ਨਾਰਾਇਣ ਦਾਸ:** ਮੇਰਾ ਨਾਮ ਮਹੰਤ ਸਤਿਆ ਨਾਰਾਇਣ ਦਾਸ ਜੀ ਹੈ। ਇਹ ਬਾਉਲੀ ਮੱਠ ਉਦਾਸੀ ਸੰਪਰਦਾਇ ਨਾਲ ਜੁੜਿਆ ਹੋਇਆ ਹੈ। ਮੈਂ ਇੱਥੇ ੧੯੬੦ ਵਿੱਚ ਆਇਆ ਸੀ। ਗੁਰੂ ਨਾਨਕ ਦੇਵ ਇੱਥੇ (ਜਗਨਨਾਥ ਪੁਰੀ) ਆਏ ਸਨ। ਉਹ ਇੱਥੇ ਆਪਣਾ ਧਰਮ ਸਿਖਾਉਣ ਅਤੇ ਬਾਣੀ ਸੁਣਾਉਣ ਆਏ ਸਨ। ਅਸੀਂ ਇੱਥੇ ਗੁਰੂ (ਗੁਰੂ ਗ੍ਰੰਥ ਸਾਹਿਬ) ਰੱਖਿਆ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਦਾ ਹਿੰਦੀ ਤਰਜਮਾ ਪੜ੍ਹਦੇ ਹਾਂ।

ਧੋਤੀ ਟਿਕਾ ਨਾਮੁ ਸਮਾਲਿ॥

ਐਥੈ ਓਥੈ ਨਿਬਹੀ ਨਾਲਿ॥
ਵਿਣੁ ਨਾਵੈ ਹੋਰਿ ਕਰਮ ਨ ਭਾਲਿ॥
ਪੂਜਾ ਪ੍ਰੇਮ ਮਾਇਆ ਪਰਜਾਲਿ॥
ਏਕੋ ਵੇਖਹੁ ਅਵਰੁ ਨ ਭਾਲਿ॥
(ਗੁਰੂ ਨਾਨਕ)

ਧੋਤੀ ਅਤੇ ਟਿੱਕੇ ਦੀ ਥਾਂ ਰੂਹਾਨੀ ਵਿਵੇਕ ਉੱਤੇ ਟੇਕ ਰੱਖੋ।
ਇਸੇ ਨੇ ਦੋਵਾਂ ਜਹਾਨਾਂ ਵਿੱਚ ਤੇਰੇ ਨਾਲ ਨਿਭਣਾ ਹੈ।
ਵਿਵੇਕ ਤੋਂ ਬਿਨਾਂ ਕਿਸੇ ਹੋਰ ਕਰਮ ਦੀ ਜ਼ਰੂਰਤ ਨਹੀਂ।
ਪ੍ਰੇਮ ਨਾਲ ਪੂਜਾ ਕਰੋ ਅਤੇ ਮਾਇਆ ਦੀ ਲਾਲਸਾ ਨੂੰ ਭਸਮ ਕਰ ਦਿਓ।
ਆਪਣੇ ਅੰਦਰ ਸੱਚ ਨੂੰ ਵਸਾ ਲਓ, ਕਿਸੇ ਹੋਰ ਦੀ ਆਰਜ਼ਾ ਦੀ ਲੋੜ ਨਹੀਂ।
(ਗੁਰੂ ਨਾਨਕ)

ਜਗਨਨਾਥ ਮੰਦਿਰ ਦੇ ਪੱਛਮੀ ਦਰਵਾਜ਼ੇ ਦੇ ਸਾਹਮਣੇ 'ਪੰਜਾਬੀ ਮੱਠ' ਹੈ ਜਿਸ ਦਾ ਨਾਮ ਪਹਿਲਾਂ 'ਨਾਨਕ ਮੱਠ' ਹੁੰਦਾ ਸੀ। ਇਹ ਵੀ ਉਦਾਸੀ ਸੰਪਰਦਾਇ ਨੇ ਬਣਾਇਆ ਸੀ।

ਗੁਰੂ ਨਾਨਕ ਦੇ ਪੁਰੀ ਆਉਣ ਦੀ ਯਾਦ ਵਿੱਚ ੨੦੦੯ ਦੌਰਾਨ ਸਿੱਖ ਬਿਰਾਦਰੀ ਨੇ 'ਗੁਰਦਵਾਰਾ ਸ਼੍ਰੀ ਆਰਤੀ ਸਾਹਿਬ' ਦੀ ਉਸਾਰੀ ਕੀਤੀ।

ਜਦੋਂ ਗੁਰੂ ਨਾਨਕ ਹਾਲੇ ਪੁਰੀ ਵਿੱਚ ਹੀ ਸਨ ਤਾਂ ਕਟਕ ਤੋਂ ਰਾਜਾ ਪ੍ਰਤਾਪੁਦਰਾਦੇਵ ਉਨ੍ਹਾਂ ਨੂੰ ਦੁਬਾਰਾ ਮਿਲਣ ਆਏ।

ਰਾਜੇ ਦਾ ਸੁਆਲ ਸੀ ਕਿ ਆਪੇ ਦੀ ਸੋਝੀ ਕਿਵੇਂ ਹਾਸਿਲ ਕੀਤੀ ਜਾ ਸਕਦੀ ਹੈ।

ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ॥
ਪੂਰਨ ਪੂਰਿ ਰਹਿਆ ਬਿਖੁ ਮਾਰਿ॥
ਤ੍ਰਿਕੁਟੀ ਛੂਟੀ ਬਿਮਲ ਮਝਾਰਿ॥
ਗੁਰ ਕੀ ਮਤਿ ਜੀਇ ਆਈ ਕਾਰਿ॥
(ਰਾਗ ਗਉੜੀ ਗੁਆਰੇਰੀ, ਗੁਰੂ ਨਾਨਕ)

ਰਿਧੀਆਂ-ਸਿਧੀਆਂ ਨੂੰ ਨਿਰਮਲ ਵਿਚਾਰ ਅਤੇ ਚੇਤਨਾ ਨਾਲ ਹਾਸਿਲ ਕੀਤਾ ਜਾ ਸਕਦਾ ਹੈ ।
ਚੇਤਨਾ ਹੀ ਸਰਬ-ਸ਼ਕਤੀਮਾਨ ਹੈ ਜੋ ਦੁਨਿਆਵੀ ਝਮੇਲਿਆਂ ਤੋਂ ਮੁਕਤ ਕਰਦੀ ਹੈ।
ਮਨ ਦੀ ਤ੍ਰਿਕੁਟੀ (ਰਜੋ, ਸਤੋ, ਤਮੋ) ਤੋਂ ਨਿਜਾਤ ਪਾਕੀਜ਼ਗੀ ਵਸਾਉਣ ਨਾਲ ਮਿਲਦੀ ਹੈ।
ਵਿਵੇਕ ਦੀ ਸੂਝ ਅੰਨਦੂਰੀ ਵਿਕਾਸ ਦੇ ਕੰਮ ਆਉਂਦੀ ਹੈ।
(ਰਾਗ ਗਉੜੀ ਗੁਆਰੇਰੀ, ਗੁਰੂ ਨਾਨਕ)

---

ਗੁਰੂ ਨਾਨਕ ਨੇ ਜ਼ਿਕਰ ਕੀਤਾ ਕਿ ਆਪੇ ਦੀ ਸੋਝੀ ਸੋਚਾਂ ਦੀ ਪਾਕੀਜ਼ਗੀ ਹੇਠਾਂ ਲੁਕੀ ਹੁੰਦੀ ਹੈ। ਇਸ ਨੂੰ ਸਰਗਰਮ ਸੋਚ-ਵਿਚਾਰ ਅਤੇ ਸਿਰਜਣਾ ਦੇ ਏਕੇ ਨੂੰ ਮਨ ਵਿੱਚ ਵਸਾ ਕੇ ਹੀ ਹਾਸਿਲ ਕੀਤਾ ਜਾ ਸਕਦਾ ਹੈ।

**ਅਨਿਲ ਧਰਿ:** ਅੰਦਾਜ਼ਾ ਲਗਾਓ ਕਿ ੫੩੦ ਸਾਲ ਪਹਿਲਾਂ ਇੱਥੇ ਆਉਣਾ ਕਿੰਝ ਹੋਵੇਗਾ। ਅਣਜਾਣ ਧਰਤੀ। ਅਣਜਾਣ ਬੋਲੀ। ਇਸ ਦੇ ਬਾਵਜੂਦ ਉਹ ਇੰਨਾ ਅਸਰ ਛੱਡ ਗਏ। ਉਹ ਅਸਰ ਕਾਇਮ ਹੀ ਨਹੀਂ ਰਿਹਾ ਸਗੋਂ ਲਗਾਤਾਰ ਵਧਦਾ ਗਿਆ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਉਹ ਸਿੱਖ ਧਰਮ ਲਈ ਸਨ। ਉਨ੍ਹਾਂ ਨੇ ਦੂਜੇ ਧਰਮਾਂ ਉੱਤੇ ਅਸਰ ਕੀਤਾ। ਉਨ੍ਹਾਂ ਦੇ ਕਾਇਨਾਤੀ ਪੱਖ ਨੂੰ ਦੂਜੇ ਸੰਪਰਦਾਵਾਂ ਨੇ ਖ਼ੁਸ਼ੀ-ਖ਼ੁਸ਼ੀ ਤਸਲੀਮ ਕੀਤਾ। ਹਿੰਦੂ 'ਸੰਪਰਦਾਵਾਂ', ਮੁਸਲਮਾਨਾਂ 'ਸੰਪਰਦਾਵਾਂ' ਅਤੇ ਸੂਫ਼ੀਆਂ ਨੇ ਇਸ ਅਸਰ ਨੂੰ ਕਬੂਲ ਕੀਤਾ।

ਮੈਂ ਅਕਸਰ ਸੋਚਦਾ ਹਾਂ ਕਿ ਮੇਰੇ ਲਈ, ਆਪਣੇ ਅਮਲਾਂ ਬਾਬਤ ਸੋਚਣ ਦੀ ਥਾਂ ਦੂਜਿਆਂ ਉੱਤੇ ਉਂਗਲੀ ਚੁੱਕਣਾ ਸੁਖਾਲਾ ਹੈ। ਗੁਰੂ ਨਾਨਕ ਦਾ ਇਹ ਸੁਨੇਹਾ ਮੇਰੇ ਜੀਵਨ ਦਾ ਹਿੱਸਾ ਕਿਉਂ ਨਹੀਂ ਬਣਦਾ ਹੈ ਕਿ ਜਦੋਂ ਹਉਮੈ ਦਾ ਪਰਦਾ ਚਾਕ ਹੁੰਦਾ ਹੈ ਤਾਂ ਅਹਿਸਾਸ ਦੇ ਬੂਹੇ ਖੁੱਲ੍ਹ ਜਾਂਦੇ ਹਨ।

ਹਉਮੈ ਬੂਝੈ ਤਾ ਦਰੁ ਸੂਝੈ॥
(ਰਾਗ ਆਸਾ, ਗੁਰੂ ਨਾਨਕ)

ਜਦੋਂ ਹਉਮੈ ਖ਼ਤਮ ਹੁੰਦੀ ਹੈ, ਤਾਂ ਅਹਿਸਾਸ ਜਾਗਦਾ ਹੈ।
(ਰਾਗ ਆਸਾ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧੨: ਸ੍ਰਿਸ਼ਟੀ (ਕਾਇਨਾਤ)

ਇਹ ਐਪੀਸੋਡ ਗੁਰੂ ਨਾਨਕ ਦੁਆਰਾ ਉੜੀਸਾ ਯਾਤਰਾ ਵਿਚ ਉਜਾਗਰ ਕੀਤੇ ਗਏ ਸੰਦੇਸ਼ਾਂ ਦੇ ਗੂੜ੍ਹ ਦਾਰਸ਼ਨਿਕ ਪੱਖਾਂ ਦੀ ਪੜਚੋਲ ਕਰਨ ਲਈ ਇਕ ਪ੍ਰਭਾਵਸ਼ਾਲੀ ਢਾਂਚਾ ਪ੍ਰਦਾਨ ਕਰਦਾ ਹੈ। ਉਨ੍ਹਾਂ ਦੀਆਂ ਯਾਤਰਾਵਾਂ ਦੇ ਇਤਿਹਾਸਕ ਸੰਦਰਭ ਅਤੇ ਦਿੱਤੇ ਸੰਦੇਸ਼ਾਂ ਦੇ ਸਾਰ ਵਿਚ ਲੀਨ ਹੋ, ਅਸੀਂ ਪੂਰੇ ਪੂਰਬੀ ਭਾਰਤ ਵਿੱਚ ਵੱਖ-ਵੱਖ ਭਾਈਚਾਰਿਆਂ 'ਤੇ ਉਨ੍ਹਾਂ ਦੇ ਮਹੱਤਵਪੂਰਨ ਪ੍ਰਭਾਵ ਦੀ ਸਰਾਹਨਾ ਕਰ ਸਕਦੇ ਹਾਂ। ਇਹ ਵਿਸ਼ਲੇਸ਼ਣ ਸਾਨੂੰ ਗੁਰੂ ਨਾਨਕ ਦੇ ਮੁੱਢਲੇ ਵਿਸ਼ਵਾਸ ਨਾਲ ਜੁੜੇ ਮਹੱਤਵਪੂਰਨ ਪੱਖਾਂ 'ਤੇ ਵਿਚਾਰ ਕਰਨ ਲਈ ਸੱਦਾ ਦਿੰਦਾ ਹੈ ਜਿਵੇਂ ਸਿਰਜਣਹਾਰ ਆਪਣਾ ਆਪ ਸ੍ਰਿਸ਼ਟੀ ਰਾਹੀਂ ਅਨੁਭਵ ਕਰਦਾ ਹੈ, ਰਸਮਾਂ ਨਾਲੋਂ ਭਗਤੀ ਵਧੀਕ ਮਹੱਤਵਪੂਰਨ ਹੈ, ਅਹੰਕਾਰ ਦੇ ਖਤਰੇ, ਅਤੇ ਜੀਵਨ ਰੁਪਾਂਤ੍ਰਣ ਕਰਨ ਵਾਲੀ ਸਮਰੱਥਾ ਜੋ ਗਹਿਰੇ ਚਿੰਤਨ ਰਾਹੀਂ ਪ੍ਰਾਪਤ ਹੁੰਦੀ ਹੈ। ਉਨ੍ਹਾਂ ਦੀ ਵਿਰਾਸਤ ਦੀ ਸੰਭਾਲ, ਉਨ੍ਹਾਂ ਨੂੰ ਸਮਰਪਿਤ ਸਥਾਨਾਂ ਤੋਂ ਸਾਫ਼ ਜ਼ਾਹਿਰ ਹੁੰਦੀ ਹੈ, ਜੋ ਉਨ੍ਹਾਂ ਦੇ ਏਕਤਾ ਦੇ ਸੰਦੇਸ਼ ਦੀ ਅਨੰਤ ਮਹੱਤਤਾ ਨੂੰ ਉਜਾਗਰ ਕਰਦੇ ਹਨ। ਗੁਰੂ ਨਾਨਕ ਦੀ ਵਿਚਾਰਧਾਰਾ ਧਾਰਮਿਕ ਅਤੇ ਸਮਾਜਿਕ ਹੱਦਬੰਦੀਆਂ ਤੋਂ ਪਾਰ ਜਾ ਚੁੱਕੀ ਹੈ, ਅਤੇ ਹਰ ਵਰਗ ਦੇ ਲੋਕਾਂ ਲਈ ਧੜਕਣ ਬਣ ਗੂੰਜਦੀ ਹੈ। ਇਹ ਢਾਂਚਾ ਸਾਨੂੰ ਇਸ ਚਿੰਤਨ ਲਈ ਪ੍ਰੇਰਿਤ ਕਰਦਾ ਹੈ ਕਿ ਕਿਵੇਂ ਗੁਰੂ ਨਾਨਕ ਦੀ ਸਰਬਵਿਆਪਕਤਾ ਪ੍ਰਤੀ ਵਚਨਬੱਧਤਾ ਅਤੇ ਕੁਦਰਤ ਪ੍ਰਤੀ ਉਨ੍ਹਾਂ ਦੀ ਸ਼ਰਧਾ, ਮਹੱਤਵਪੂਰਨ ਅੰਤਰੀਵੀ ਰੂਹਾਨੀ ਅਨੁਭਵ ਉਜਾਗਰ ਕਰਦੀ ਹੈ, ਜੋ ਸੰਪਰਦਾਇਕ ਵੰਡਾਂ ਨੂੰ ਪਾਰ ਕਰ, ਦੈਵੀ ਸੰਬੰਧ, ਨੈਤਿਕ ਜੀਵਨ, ਅਤੇ ਸਦਭਾਵਨਾਪੂਰਨ ਸਹਿ-ਹੋਂਦ ਸਿਰਜਨ ਵਿਚ ਸਹਾਈ ਹਨ।

## ਇਤਿਹਾਸਕ ਚਰਚਾ ਸੰਕੇਤਕ:

੧. ਗੁਰੂ ਨਾਨਕ ਦੀਆਂ ਉਦਾਸੀਆਂ ਦੇ ਸੰਦਰਭ ਵਿਚ ਕਟਕ ਅਤੇ ਪੁਰੀ ਦੀ ਯਾਤਰਾ ਦਾ ਵਿਆਪਕ ਪੱਧਰ 'ਤੇ ਕੀ ਮਹੱਤਵ ਸੀ?

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਇਤਿਹਾਸਕ ਜਗਨਨਾਥ ਤੀਰਥ ਮਾਰਗ ਰਾਹੀਂ ਕਲਕੱਤਾ ਤੋਂ ਕਟਕ ਅਤੇ ਪੁਰੀ ਤੱਕ ਦੀ ਮਹੱਤਵਪੂਰਨ ਯਾਤਰਾ ਕੀਤੀ। ਇਹ ਯਾਤਰਾ ਵਿਸ਼ੇਸ਼ ਤੌਰ 'ਤੇ


ਈਮੇਲ: onenessindiversityfoundation@gmail.com

ਧਿਆਨ ਦੀ ਮੰਗ ਕਰਦੀ ਹੈ ਕਿਉਂਕਿ ਗੁਰੂ ਨਾਨਕ ਦੀ ਯਾਤਰਾ ਦੇ ਸਮੇਂ ਕਟਕ ਉਡੀਸਾ ਖੇਤਰ ਦੀ ਰਾਜਧਾਨੀ ਸੀ, ਜੋ ਕਿ ਰਾਜਨੀਤਕ, ਧਾਰਮਿਕ ਅਤੇ ਸੰਸਕ੍ਰਿਤਿਕ ਤੌਰ 'ਤੇ ਮਹੱਤਵਪੂਰਨ ਸੀ। ਇਸ ਸਥਾਪਿਤ ਤੀਰਥ ਮਾਰਗ ਨੇ ਗੁਰੂ ਨਾਨਕ ਦੀ ਵੱਖ-ਵੱਖ ਰੂਹਾਨੀ ਸਾਧਕਾਂ ਨਾਲ ਗੱਲਬਾਤ ਨੂੰ ਕਿਵੇਂ ਸੰਭਵ ਬਣਾਇਆ ਹੋਵੇਗਾ, ਅਤੇ ਇਹ ਧਾਰਮਿਕ ਅਦਾਨ-ਪ੍ਰਦਾਨ ਦੇ ਸਮਕਾਲੀਨ ਸੰਦਰਭ ਵਿਚ ਉਨ੍ਹਾਂ ਦੇ ਸੰਦੇਸ਼ਾਂ ਦੇ ਪ੍ਰਸਾਰ ਨੂੰ ਸਮਝਣ ਵਿਚ ਕੀ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ?

੨. ਉਡੀਸਾ ਵਿਚ ਸਥਾਨਕ ਭਾਈਚਾਰਿਆਂ ਨੇ ਸਦੀਆਂ ਤੋਂ ਗੁਰੂ ਨਾਨਕ ਦੇ ਸੰਦੇਸ਼ਾਂ ਨੂੰ ਕਿਵੇਂ ਸੰਭਾਲਿਆ ਅਤੇ ਉਨ੍ਹਾਂ ਨੂੰ ਆਪਣੀਆਂ ਸਭਿਆਚਾਰਕ ਰਸਮਾਂ ਵਿਚ ਸ਼ਾਮਲ ਕੀਤਾ ਹੈ?
ਇਸ ਐਪੀਸੋਡ ਵਿਚ ਬਹੁਤ ਸਾਰੇ ਸਥਾਪਿਤ ਵਿਰਾਸਤੀ ਪ੍ਰਭਾਵ ਦੀਆਂ ਕਈ ਵਿਲੱਖਣ ਉਦਾਹਰਣ ਪੇਸ਼ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ ਇਕ ਉਦਾਹਰਣ ਬਿਰੰਚੀਪੁਰ ਪਿੰਡ ਦੀ ਹੈ, ਜਿੱਥੇ ਇਕ ਸਿੱਖ ਪ੍ਰਸ਼ਾਸਕੀ ਅਧਿਕਾਰੀ ਨੇ ੧੯੦੦ ਦੇ ਸ਼ੁਰੂਆਤੀ ਦਹਾਕੇ ਵਿਚ ਸਥਾਨਕ ਨਿਵਾਸੀਆਂ 'ਤੇ ਗਹਿਰਾ ਪ੍ਰਭਾਵ ਪਾਇਆ। ਰਸਮੀ ਤੌਰ 'ਤੇ, ਹੁਣ ਪਿੰਡ ਵਾਸੀ ਆਪਣੇ ਰੋਜ਼ਾਨਾ ਦੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪਿੰਡ ਦੇ ਮੰਦਰ, ਜਿਸਨੂੰ ਉਹ ਗੁਰਦੁਆਰਾ ਕਹਿੰਦੇ ਹਨ, ਵਿਚ ਗੁਰੂ ਨਾਨਕ ਦੀ 'ਜਪੁ' ਬਾਣੀ ਦਾ ਪਾਠ ਕਰਦੇ ਹਨ। ਇਸੇ ਤਰ੍ਹਾਂ, ਭਦ੍ਰਕ ਪਿੰਡ ਦੇ ਨਿਵਾਸੀ ਅਜੇ ਵੀ ਇਕ ਨਾਟਕ ਪੇਸ਼ ਕਰਦੇ ਹਨ ਜਿਸ ਵਿਚ ਗੁਰੂ ਨਾਨਕ ਏਕਤਾ ਦੇ ਸਰਬਵਿਆਪੀ ਮੁੱਲਾਂ ਬਾਰੇ ਵਿਚਾਰ-ਵਿਟਾਂਦਰਾ ਕਰਦੇ ਹਨ। ਇਹ ਸਭਿਆਚਾਰਕ ਰਸਮਾਂ ਆਪਣੇ ਦਾਰਸ਼ਨਿਕ ਮੂਲਾਂ ਨੂੰ ਬਰਕਰਾਰ ਰਖਦੀਆਂ ਹੋਈਆਂ ਗੁਰੂ ਨਾਨਕ ਦੀਆਂ ਸਿੱਖਿਆਵਾਂ ਦੇ ਵੱਖ-ਵੱਖ ਸਥਾਨਕ ਪਰਸੰਗਾਂ ਅਨੁਸਾਰ ਅਨੁਕੂਲਤਾ ਨੂੰ ਕਿਵੇਂ ਦਰਸਾਉਂਦੀਆਂ ਹਨ?

੩. ਗੁਰੂ ਨਾਨਕ ਅਤੇ ਰਾਜਾ ਪ੍ਰਤਾਪਰੁਦ੍ਰਦੇਵ ਦੇ ਵਿਚਾਲੇ ਹੋਈ ਵਾਰਤਾਲਾਪ ਰੂਹਾਨੀ ਸੰਦੇਸ਼ ਅਤੇ ਰਾਜਨੀਤਕ ਸੱਤਾ ਦੇ ਰਿਸ਼ਤੇ ਨੂੰ ਕਿਵੇਂ ਉਘਾੜਦੀ ਹੈ?
ਐਪੀਸੋਡ ਵਿਚ ਰਾਜਾ ਪ੍ਰਤਾਪਰੁਦ੍ਰਦੇਵ ਨੂੰ ਇਕ ਨਿਮਰ ਅਤੇ ਗਹਿਰੀ ਰੂਹਾਨੀ ਝੁਕਾਅ ਵਾਲੇ ਵਿਅਕਤੀ ਵਜੋਂ ਦਰਸਾਇਆ ਗਿਆ ਹੈ। ਉਹ ਖੁਦ ਗੁਰੂ ਨਾਨਕ ਨੂੰ ਮਿਲਣ ਲਈ ਆਉਂਦੇ ਹਨ ਅਤੇ ਇਸ ਦਾਰਸ਼ਨਿਕ ਸਵਾਲ ਰਾਹੀਂ ਆਪਣੀ ਜਗਿਆਸਾ ਪੁਛਦੇ ਹਨ ਕਿ ਸ੍ਰਿਸ਼ਟੀ ਦੇ ਦਵੰਦ ਵਿਚੋਂ ਸਿਰਜਨਹਾਰ ਦੇ ਚਿੱਤਰ ਨੂੰ ਕਿਵੇਂ ਪਛਾਣਿਆ ਜਾਵੇ? ਬਾਅਦ ਵਿਚ, ਰਾਜਾ ਨੇ ਆਤਮ-

ਬੋਧ ਦੇ ਰਸਤੇ ਬਾਰੇ ਜਾਣਨ ਲਈ ਕਟਕ ਤੋਂ ਪੁਰੀ ਤੱਕ ਯਾਤਰਾ ਕੀਤੀ ਅਤੇ ਗੁਰੂ ਨਾਨਕ ਨੂੰ ਦੁਬਾਰਾ ਮਿਲਿਆ। ਗਿਆਨ ਪ੍ਰਾਪਤੀ ਦੀ ਇਹ ਨਿਰੰਤਰ ਭਾਲ ਰਾਜਾ ਅਤੇ ਰੂਹਾਨੀ ਸਤਾ ਵਿਚਾਲੇ ਗੂੜ ਸੰਬੰਧ ਦਾ ਸੰਕੇਤ ਦਿੰਦੀ ਹੈ। ਗੁਰੂ ਨਾਨਕ ਦਾ ਰਾਜਨੀਤਿਕ ਸਤਾਧਾਰੀਆਂ 'ਤੇ ਪ੍ਰਭਾਵ ਉਨ੍ਹਾਂ ਦੇ ਸੰਦੇਸ਼ਾਂ ਵਿਚਲੇ ਵਿਆਪਕ ਸਮਾਜਿਕ ਰਵੱਈਏ ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਸੀ?

੪. ਗੁਰੂ ਨਾਨਕ ਦੀ ਯਾਤਰਾ ਦੇ ਬਾਅਦ ਸਥਾਪਿਤ ਕੀਤੇ ਗਏ ਵੱਖ-ਵੱਖ ਯਾਦਗਾਰੀ ਸਥਾਨ ਉਨ੍ਹਾਂ ਦੀ ਵਿਰਾਸਤ ਦੀਆਂ ਭਿੰਨ-ਭਿੰਨ ਵਿਆਖਿਆਵਾਂ ਨੂੰ ਕਿਵੇਂ ਵਿਅਕਤ ਕਰਦੇ ਹਨ?
ਐਪੀਸੋਡ ਵਿਚ ਪੁਰੀ ਵਿਖੇ ਗੁਰੂ ਨਾਨਕ ਦੀ ਯਾਤਰਾ ਦੀ ਯਾਦ ਵਿਚ ਬਣਾਏ ਗਏ ਕਈ ਥਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਮੰਗੂ ਮਠ, ਬਾਉਲੀ ਮਠ, ਪੰਜਾਬੀ ਮਠ (ਜੋ ਪਹਿਲਾਂ ਨਾਨਕ ਮਠ ਸੀ) ਅਤੇ ਹਾਲ ਹੀ ਵਿਚ ਬਣਾਇਆ ਗਿਆ ਗੁਰਦੁਆਰਾ ਸ੍ਰੀ ਆਰਤੀ ਸਾਹਿਬ (੨੦੦੯) ਸ਼ਾਮਲ ਹਨ। ਇਸ ਵਿਚ ਦਰਸਾਇਆ ਗਿਆ ਹੈ ਕਿ ਉਦਾਸੀ ਸਾਧੂਆਂ ਨੇ ਇਨ੍ਹਾਂ ਵਿੱਚੋਂ ਕਈ ਥਾਵਾਂ ਦੀ ਸਥਾਪਨਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਵੱਖ-ਵੱਖ ਸਮਿਆਂ ਵਿਚ ਅਤੇ ਵੱਖ-ਵੱਖ ਸਮੂਹਾਂ ਦੁਆਰਾ ਸਥਾਪਿਤ ਕੀਤੀਆਂ ਗਈਆਂ ਇਹ ਯਾਦਗਾਰਾਂ ਗੁਰੂ ਨਾਨਕ ਦੇ ਸੰਦੇਸ਼ ਦੀ ਬਦਲਦੀ ਹੋਈ ਵਿਆਖਿਆ ਦੇ ਮਹੱਤਵ ਨੂੰ ਕਿਵੇਂ ਦਰਸਾਉਂਦੇ ਹਨ? ਇਨ੍ਹਾਂ ਸਥਾਨਾਂ ਦੀ ਨਿਰੰਤਰ ਸਥਾਪਨਾ ਉਨ੍ਹਾਂ ਦੀ ਸੋਚ ਦੀ ਸਥਾਈ ਮਹੱਤਤਾ ਬਾਰੇ ਕੀ ਸੰਕੇਤ ਦਿੰਦੀ ਹੈ?

੫. ਉੜੀਸਾ ਦੀ ਯਾਤਰਾ ਦੌਰਾਨ ਗੁਰੂ ਨਾਨਕ ਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਅਤੇ ਉਨ੍ਹਾਂ ਨੇ ਉਨ੍ਹਾਂ ਦਾ ਜਵਾਬ ਕਿਵੇਂ ਦਿੱਤਾ?
ਐਪੀਸੋਡ ਵਿਚ ਇਕ ਕਲਿਜੁਗ ਨਾਮ ਦੇ ਪੰਡਿਤ ਨਾਲ ਹੋਏ ਟਕਰਾਵ ਦਾ ਜ਼ਿਕਰ ਕੀਤਾ ਗਿਆ ਹੈ, ਜਿਸਨੇ ਰਾਜਾ ਉਪਰ ਗੁਰੂ ਨਾਨਕ ਦੇ ਚੰਗੇ ਪ੍ਰਭਾਵ ਬਾਰੇ ਸੁਣ ਕੇ ਆਪਣੇ ਪ੍ਰਭਾਵਸ਼ਾਲੀ ਰੁਤਬੇ ਨੂੰ ਗੁਆਉਣ ਦਾ ਖਤਰਾ ਮਹਿਸੂਸ ਕੀਤਾ। ਇਸ ਪੰਡਿਤ ਨੇ ਗੁਰੂ ਨਾਨਕ ਨੂੰ ਆਪਣੀ ਤਰਕ ਸ਼ਾਸਤਰੀ ਅਤੇ 'ਤਾਂਤਰਿਕ ਵਿਦਿਆ', (ਸਮੋਹੀਕਰਨ ਜਾਦੂਮਈ ਅਭਿਆਸ) ਰਾਹੀਂ ਚੁਣੌਤੀ ਦਿੱਤੀ। ਗੁਰੂ ਨਾਨਕ ਦੀ ਇਸ ਚੁਣੌਤੀ ਵਲੋਂ ਨਿਮਰਤਾ ਭਰੀ ਪ੍ਰਤੀਕਿਰਿਆ ਉਨ੍ਹਾਂ ਦੇ ਵਿਰੋਧ ਨਾਲ ਨਿਪਟਣ ਦੇ ਤਰੀਕੇ ਨੂੰ ਕਿਵੇਂ ਉਘਾੜਦੀ ਹੈ? ਇਹ ਵਾਰਤਾਲਾਪ ਸਥਾਪਿਤ ਧਾਰਮਿਕ ਅਧਿਕਾਰੀਆਂ ਵੱਲੋਂ ਉਨ੍ਹਾਂ ਦੇ ਸੰਦੇਸ਼ਾਂ ਪ੍ਰਤੀ ਕੀਤੇ ਵਿਰੋਧ ਬਾਰੇ ਕੀ ਦਰਸਾਉਂਦੀ ਹੈ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਇਹ ਅਵਧਾਰਣਾ ਕਿ ਸਿਰਜਨਹਾਰ ਆਪਣੇ ਆਪ ਨੂੰ ਸ੍ਰਿਸ਼ਟੀ ਰਾਹੀਂ ਅਨੁਭਵ ਕਰਦਾ ਹੈ, ਦਿਵਤਾ ਅਤੇ ਮਨੁੱਖਤਾ ਦੇ ਪਾਰੰਪਰਿਕ ਸੰਬੰਧਾਂ ਨੂੰ ਕਿਵੇਂ ਪੁਨਰ ਪਰਿਭਾਸ਼ਤ ਕਰਦੀ ਹੈ?

ਐਪੀਸੋਡ ਵਿਚਲਾ ਰਾਗ ਆਸਾ ਵਿਚ ਪ੍ਰਸਤੁਤ ਕੀਤਾ ਗਿਆ ਇਹ ਗੂੜ੍ਹ ਨੁਕਤਾ ਪ੍ਰਗਟ ਕਰਦਾ ਹੈ ਕਿ ਸਰਵੋਤਮ ਸਰਬ-ਵਿਆਪੀ ਊਰਜਾ ਨੇ ਆਪਣੇ ਆਪ ਨੂੰ ਆਪਣੀ ਸ੍ਰਿਸ਼ਟੀ ਰਾਹੀਂ ਅਨੁਭਵ ਕਰਨ ਲਈ ਰਚਨਾ ਦਾ ਖੇਡ ਰਚਾਇਆ। ਇਹ ਊਰਜਾ ਸਭ ਕੁਝ ਵੇਖਦੀ, ਸਮਝਦੀ ਅਤੇ ਜਾਣਦੀ ਹੈ। ਇਹ ਸਾਡੇ ਅੰਦਰ ਅਤੇ ਬਾਹਰ, ਹਰ ਥਾਂ ਮੌਜੂਦ ਹੈ। ਅੱਗੇ ਇਹ ਵੀ ਸਮਝਾਇਆ ਗਿਆ ਹੈ ਕਿ ਗੁਰੂ ਨਾਨਕ ਸੰਸਾਰ ਨੂੰ ਇਕ ਰੰਗਮੰਚ ਵਜੋਂ ਦੇਖਦੇ ਹਨ, ਜਿਸਨੂੰ ਸਿਰਜਨਹਾਰ ਨੇ ਬਣਾਇਆ ਹੈ ਅਤੇ ਜੋ ਆਪਣੀ ਸ੍ਰਿਸ਼ਟੀ ਦੀ ਹੋਂਦ ਦਾ ਅਨੁਭਵ ਇੰਦਰੀਆਂ ਰਾਹੀਂ ਕਰਦਾ ਹੈ। ਇਹ ਪਰਿਪੇਖ ਇਹ ਦਰਸਾਉਂਦਾ ਹੈ ਕਿ ਅਸੀਂ ਸਭ ਇਕ ਹਾਂ। ਇਹ ਦ੍ਰਿਸ਼ਟੀਕੋਣ ਪਰੰਪਰਾਗਿਕ ਤੌਰ 'ਤੇ ਮਨੁੱਖਤਾ ਤੋਂ ਵੱਖ ਮੰਨੀ ਜਾਂਦੀ ਦੈਵੀਸਤਾ ਦੀ ਅਵਧਾਰਣਾ ਨੂੰ ਕਿਵੇਂ ਬਦਲਦੀ ਹੈ? ਇਹ ਦ੍ਰਿਸ਼ਟੀ ਰੂਹਾਨੀ ਅਭਿਆਸ ਅਤੇ ਨੈਤਿਕ ਵਿਚਾਰਧਾਰਾ ਨੂੰ ਕਿਸ ਤਰੀਕੇ ਨਾਲ ਪ੍ਰਭਾਵਤ ਕਰ ਸਕਦੀ ਹੈ?

੨. ਜਗਨਨਾਥ ਵਿਖੇ ਗੁਰੂ ਨਾਨਕ ਦੁਆਰਾ ਕਰਮਕਾਂਡੀ ਰਸਮਾਂ ਉਪਰ ਕੀਤੀ ਆਲੋਚਨਾ ਦਾ ਮਹੱਤਵ ਹੈ?

ਐਪੀਸੋਡ ਵਿਚ ਦਰਸਾਇਆ ਗਿਆ ਹੈ ਕਿ ਗੁਰੂ ਨਾਨਕ ਨੇ ਜਦੋਂ ਜਗਨਨਾਥ ਮੰਦਰ ਵਿਚ ਕੀਤੀ ਜਾ ਰਹੀ 'ਆਰਤੀ' ਦੇਖੀ, ਤਾਂ ਉਨ੍ਹਾਂ ਨੇ ਇਕ ਸਬਦ ਗਾਇਨ ਕੀਤਾ, ਜਿਸ ਵਿਚ ਰਸਮਾਂ ਨਾਲੋਂ ਕੁਦਰਤ ਪ੍ਰਤੀ ਸਤਿਕਾਰ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਸੀ। ਰਾਗ ਧਨਾਸਰੀ ਵਿਚ ਦਰਜ਼ ਇਸ ਸਬਦ ਦੁਆਰਾ ਉਨ੍ਹਾਂ ਨੇ ਕੁਦਰਤੀ ਤੱਤਾਂ ਪ੍ਰਤੀ ਸ਼ਰਧਾ ਪ੍ਰਗਟ ਕਰਦਿਆਂ ਉਪਾਸਨਾ ਵਿਧੀ ਦੀ ਪੁਨਰ ਕਲਪਨਾ ਕੀਤੀ ਹੈ। ਉਨ੍ਹਾਂ ਅਨੁਸਾਰ ਆਕਾਸ਼ ਇਕ ਥਾਲ ਦੀ ਤਰ੍ਹਾਂ ਹੈ, ਜਿਸ ਵਿਚ ਸੂਰਜ ਅਤੇ ਚੰਦ ਦੀਵੇ ਹਨ, ਤਾਰੇ ਤੇ ਨਛੱਤਰ ਅਨਮੋਲ ਮੋਤੀ ਹਨ। ਉਹ ਅੰਤ ਵਿਚ ਵਿਅਕਤ ਕਰਦੇ ਹਨ ਕਿ ਸਰਬਵਿਆਪੀ ਕੁਦਰਤ ਦੇ ਹਰ ਰੂਪ ਵਿਚ ਰਮਿਆ ਹੋਇਆ ਹੈ। ਇਥੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਸ ਦੀ ਮਹਾਨਤਾ ਦੀ ਉਸਤਤੀ ਸਿਰਫ਼ ਉਸ ਦੀ ਵਿਸ਼ਾਲ ਸ੍ਰਿਸ਼ਟੀ ਦੇ ਕੁਝ ਹੀ ਰੂਪਾਂ ਦੀ ਪੂਜਾ ਤਕ ਸੀਮਤ ਕਿਉਂ ਹੋਣੀ ਚਾਹੀਦੀ ਹੈ? ਇਹ ਆਲੋਚਨਾ ਗੁਰੂ ਨਾਨਕ ਦੇ

ਵਿਆਪਕ ਵਿਵਿਹਾਰਕ ਦ੍ਰਿਸ਼ਟੀਕੋਣ ਨੂੰ ਕਿਵੇਂ ਉਬਾਰਦੀ ਹੈ, ਜਿਸ ਵਿਚ ਉਹ ਬਾਹਰੀ ਧਾਰਮਿਕ ਰਸਮਾਂ ਨਾਲੋਂ ਅਸਲ ਰੂਹਾਨੀ ਅਭਿਆਸ ਨੂੰ ਵਧੇਰੇ ਮਹੱਤਵ ਦਿੰਦੇ ਹਨ?

੩. ਗੁਰੂ ਨਾਨਕ ਰੂਹਾਨੀ ਵਿਕਾਸ ਅਤੇ ਅਲੌਕਿਕ ਸ਼ਕਤੀਆਂ ਦੇ ਵਿਚਕਾਰ ਬਣੇ ਸੰਬੰਧ ਨੂੰ ਕਿਵੇਂ ਸੰਬੋਧਨ ਕਰਦੇ ਹਨ?

ਜਦ ਪੰਡਿਤ ਕਲਿਯੁਗ ਨੇ ਗੁਰੂ ਨਾਨਕ ਨੂੰ ਚੁਣੌਤੀ ਦਿਤੀ, ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਜੇਕਰ ਉਨ੍ਹਾਂ ਕੋਲ ਚਮਤਕਾਰ ਵਿਖਾਉਣ ਅਤੇ ਧਨ ਪੈਦਾ ਕਰਨ ਦੀ ਅਲੌਕਿਕ ਸ਼ਕਤੀ ਹੁੰਦੀ, ਜਾਂ ਜੇਕਰ ਉਹ ਲੋਕਾਂ ਵਿਚ ਭੈ ਪੈਦਾ ਕਰਨ ਲਈ ਅਦ੍ਰਿਸ਼ਟ ਅਤੇ ਦ੍ਰਿਸ਼ਟ ਬਣਨ ਦੀ ਸਮਰੱਥਾ ਰੱਖਦੇ ਹੁੰਦੇ, ਤਾਂ ਉਹ ਆਪਣੇ ਮਾਰਗ ਤੋਂ ਭਟਕ, ਆਤਮ-ਚਿੰਤਨ ਦੇ ਮਹੱਤਵ ਨੂੰ ਭੁੱਲ ਸਕਦੇ ਸਨ। ਇਹ ਐਪੀਸੋਡ ਦਰਸਾਉਂਦਾ ਹੈ ਕਿ ਅਸਲੀ ਗਿਆਨ ਨਿਮਰਤਾ ਵਿਚ ਨਿਵਾਸ ਕਰਦਾ ਹੈ। ਜਿਸ ਤਰ੍ਹਾਂ ਫਲਾਂ ਨਾਲ ਭਰਿਆ ਦਰੱਖ਼ਤ ਝੁਕ ਕੇ ਆਪਣੀ ਦਾਤ ਨੂੰ ਵੰਡਦਾ ਹੈ, ਓਸੇ ਤਰ੍ਹਾਂ ਗਿਆਨ, ਧਨ ਅਤੇ ਸ਼ਕਤੀ ਪ੍ਰਾਪਤ ਕਰਨ ਦੇ ਬਾਅਦ, ਅਹੰਕਾਰ, ਭੈ ਅਤੇ ਈਰਖਾ ਨੂੰ ਛੱਡ ਕੇ ਸ਼ੁਕਰਾਨੇ ਦਾ ਪ੍ਰਗਟਾ ਕਰਨਾ ਚਾਹੀਦਾ ਹੈ। ਇਹ ਦ੍ਰਿਸ਼ਟੀਕੋਣ ਰੂਹਾਨੀ ਉਨਤੀ ਅਤੇ ਅਲੌਕਿਕ ਯੋਗਤਾਵਾਂ ਦੇ ਬਾਰੇ ਚਲ ਰਹੀਆਂ ਆਮ ਧਾਰਣਾਵਾਂ ਨੂੰ ਕਿਵੇਂ ਚੁਣੌਤੀ ਦਿੰਦੀ ਹੈ? ਇਹ ਅਸਲੀ ਰੂਹਾਨੀ ਵਿਕਾਸ ਦੀ ਸਮਝ ਪ੍ਰਤੀ ਕੀ ਸੰਕੇਤ ਦਿੰਦਾ ਹੈ?

੪. ਗੁਰੂ ਨਾਨਕ ਦੇ ਰੂਹਾਨੀ ਗਿਆਨ ਢਾਂਚੇ ਵਿਚ ਚਿੰਤਨ ਕਿਵੇਂ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ?

ਇਸ ਗਿਆਨ ਭਰਪੂਰ ਐਪੀਸੋਡ ਵਿਚ, ਚਿੰਤਨ ਗੁਰੂ ਨਾਨਕ ਦੇ ਸੰਦੇਸ਼ਾਂ ਦਾ ਇੱਕ ਮੁੱਖ ਵਿਸ਼ਾ ਹੈ। ਉਹ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਚਿੰਤਨ, ਲੰਗੋਟੀ ਅਤੇ ਤਿਲਕ ਜਿੰਨ੍ਹਾਂ ਹੀ ਮਹੱਤਵਪੂਰਨ ਹੈ; ਇਹ ਜੀਵਨ ਯਾਤਰਾ ਵਿਚਲਾ ਮੁਖ ਸਹਾਇਕ ਹੋਵੇਗਾ। ਜਦ ਰਾਜਾ ਪ੍ਰਤਾਪਰੁਦ੍ਰਦੇਵ ਨੇ ਆਤਮ-ਬੋਧ ਸੰਬੰਧੀ ਪ੍ਰਸ਼ਨ ਪੁੱਛਿਆ, ਤਾਂ ਗੁਰੂ ਨਾਨਕ ਨੇ ਇਹ ਸਪਸ਼ਟ ਕੀਤਾ ਕਿ ਨੌ ਨਿਧੀਆਂ ਅਤੇ ਅਲੌਕਿਕ ਸ਼ਕਤੀਆਂ ਕੇਵਲ ਸਚੇ ਚਿੰਤਨ ਰਾਹੀਂ ਹੀ ਪਵਿੱਤਰ ਹੁੰਦੀਆਂ ਹਨ। ਉਹ ਉਤਸ਼ਾਹ ਨਾਲ ਸਮਝਾਉਂਦੇ ਹਨ ਕਿ ਆਤਮ-ਬੋਧ ਦੇ ਅਸਲ ਖਜਾਨੇ ਦਾ ਵਾਸਾ ਵਿਚਾਰਾਂ ਦੀ ਪਵਿੱਤਰਤਾ ਵਿਚ ਹੈ। ਇਹ ਖਜਾਨਾ ਲਗਾਤਾਰ ਚਿੰਤਨ ਅਤੇ ਸ੍ਰਿਸ਼ਟੀ ਵਿਚਲੀ ਵਿਆਪਕ ਏਕਤਾ ਨੂੰ ਸਵੀਕਾਰ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇ ਰੂਹਾਨੀ

ਢਾਂਚੇ ਵਿਚ, ਚਿੰਤਨ ਸਿਰਫ਼ ਇਕ ਵਿਧੀ ਹੀ ਨਹੀਂ, ਬਲਕਿ ਇਕ ਅੰਤਮ ਪ੍ਰਾਪਤੀ ਵਜੋਂ ਕਿਵੇਂ ਕੰਮ ਕਰਦਾ ਹੈ?

੫. ਗੁਰੂ ਨਾਨਕ ਦੁਆਰਾ ਸ਼ਬਦਾਂ ਦੀ ਸ਼ਕਤੀ ਉਪਰ ਦਿਤਾ ਗਿਆ ਸੰਦੇਸ਼ ਉਨ੍ਹਾਂ ਦੀ ਰੂਹਾਨੀ ਰੁਪਾਂਤ੍ਰਣ ਦੀ ਸੂਝ ਨੂੰ ਕਿਵੇਂ ਪਰਗਟ ਕਰਦਾ ਹੈ?
ਐਪੀਸੋਡ ਗੁਰੂ ਨਾਨਕ ਦੇ ਇਕ ਸਬਦ ਨਾਲ ਸ਼ੁਰੂ ਹੁੰਦਾ ਹੈ, ਜੋ ਕਿ ਸਿਰੀਰਾਗੁ ਵਿਚ ਦਰਜ਼ ਹੈ, ਜੋ ਇਹ ਦਰਸਾਉਂਦਾ ਹੈ ਕਿ ਸਹੀ ਸ਼ਬਦਾਂ ਦੀ ਸਹੀ ਸਮੇਂ ਕੀਤੀ ਵਰਤੋਂ ਖ਼ੁਦ ਅਤੇ ਦੂਸਰਿਆਂ ਨੂੰ ਅਦਬ ਸਤਿਕਾਰ ਦਿਵਾ ਸਕਦੀ ਹੈ। ਇਸ ਦੇ ਉਲਟ ਮੰਦੇਬੋਲਾਂ ਦੀ ਵਰਤੋਂ ਦੁੱਖ ਦਾ ਕਾਰਨ ਬਣਦੀ ਹੈ। ਇਹ ਸੁਣਨ ਵਾਲੇ ਨੂੰ ਧਿਆਨ ਦੇਣ ਦੀ ਤਾਕੀਦ ਕਰਦਾ ਹੈ। ਇਹ ਸਬਦ, ਅੰਤਰੀਵੀ ਰਪਾਂਤ੍ਰਣ ਲਈ ਸ਼ਬਦਾਂ ਦੀ ਅਹਿਮ ਤਾਕਤ ਨੂੰ ਉਜਾਗਰ ਕਰਦਾ ਹੈ, ਜਿਸ ਰਾਹੀਂ ਨਕਾਰਾਤਮਕਤਾ ਨੂੰ ਸਕਾਰਾਤਮਕਤਾ ਵਿਚ ਬਦਲਿਆ ਜਾ ਸਕਦਾ ਹੈ। ਚੰਗੇ ਸ਼ਬਦ ਬਹੁਤ ਪ੍ਰੇਰਣਾਦਾਇਕ ਹੋ ਸਕਦੇ ਹਨ, ਜਦਕਿ ਨਕਾਰਾਤਮਕ ਬੋਲ ਡੂੰਘੇ ਜ਼ਖ਼ਮ ਦੇ ਸਕਦੇ ਹਨ। ਬੋਲਾਂ ਦੀ ਇਸ ਤਾਕਤ ਉਪਰ ਦਿੱਤਾ ਜ਼ੋਰ ਗੁਰੂ ਨਾਨਕ ਦੇ ਰੂਹਾਨੀ ਰੁਪਾਂਤ੍ਰਣ ਦੇ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਨੂੰ ਕਿਵੇਂ ਦਰਸਾਉਂਦਾ ਹੈ? ਚੇਤਨ ਹੋ ਕੇ ਬੋਲੇ ਸ਼ਬਦ ਅਤੇ ਇਸ ਦੀ ਸੂਝ ਪ੍ਰਤੀ ਹੋਰ ਦ੍ਰਿਸ਼ਟੀਕੋਣਾਂ ਜਿਵੇਂ ਅਹੰਕਾਰ-ਮੁਕਤੀ ਅਤੇ ਚਿੰਤਨ, ਵਿਚਕਾਰ ਕੀ ਸੰਬੰਧ ਹੋ ਸਕਦਾ ਹੈ?